***ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।***

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ,

ਚੌਥੀ ਮੰਜਿਲ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ

*(ਸੈਕੰਡਰੀ ਸਿੱਖਿਆ ਸ਼ਾਖਾ)*

ਸੇਵਾ ਵਿਖੇ

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)(ਐ:ਸਿ),
ਸਮੂਹ ਸਕੂਲ ਮੁੱਖੀ

ਮੀਮੋ ਨੰ:10/32-14 ਸੈ:ਸਿ(4)
ਮਿਤੀ, ਐਸ.ਏ.ਐਸ ਨਗਰ: 04-11-15

ਵਿਸ਼ਾ:- ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਇਸ ਵਿੱਚ ਕੀਤੀ ਸੋਧ 22, ਅਕਤੂਬਰ 2008, ਨੂੰ ਸਹੀ ਭਾਵਨਾ ਵਿੱਚ ਲਾਗੂ ਕਰਨ ਸਬੰਧੀ।

ਹਵਾਲਾ:- ਉਪਰੋਕਤ ਵਿਸ਼ੇ ਤੇ ਦਫਤਰ ਡੀ.ਜੀ.ਐਸ.ਈ ਦੇ ਪੱਤਰ ਨੰ: ਏ.ਐਸ.ਪੀ.ਡੀ/ਮੀਡੀਆ/2009/74999-75039 ਮਿਤੀ 04-11-09 ਅਤੇ ਇਸ ਦਫਤਰ ਦੇ ਅ.ਸ.ਪੱਤਰ ਨੰ: 10/32-14 ਸੈ:ਸਿ(6) ਮਿਤੀ 07-03-15 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਐਕਟ ਨੂੰ ਮੂਲ ਭਾਵਨਾ ਅਨੁਸਾਰ ਲਾਗੂ ਕਰਨ ਹਿਤ ਪਹਿਲਾਂ ਵੀ ਹਵਾਲਾ ਅਧੀਨ ਪੱਤਰ ਜਾਰੀ ਕੀਤੇ ਗਏ ਹਨ। ਵੇਖਣ ਵਿੱਚ ਆਇਆ ਹੈ ਕਿ ਕੁਝ ਸਕੂਲ ਇਸ ਦੀ ਪਾਲਣਾ ਨਹੀਂ ਕਰ ਰਹੇ ਹਨ। ਉਕਤ ਐਕਟ ਅਨੁਸਾਰ:-

ਨੁਕਤਾ ਨੰ: 3-(1) ਅਕਾਦਮਿਕ ਸਾਲ 2009-10 ਤੋਂ ਸਾਰੇ ਸਕੂਲਾਂ ਵਿੱਚ ਪਹਿਲੀ ਕਲਾਸ ਤੋਂ ਪੰਜਾਬੀ ਨੂੰ ਲਾਜਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ।

(2) ਕੋਈ ਬੋਰਡ ਜਾਂ ਸੰਸਥਾ ਕਿਸੇ ਵਿਦਿਆਰਥੀ ਨੂੰ ਉਦੋਂ ਤੱਕ ਮੈਟ੍ਰਿਕ ਦਾ ਸਰਟੀਫਿਕੇਟ ਨਹੀਂ ਦੇਵੇਗੀ ਜਦੋਂ ਤੱਕ ਉਸ ਨੇ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚ ਪੰਜਾਬੀ ਵਿਸ਼ਾ ਪਾਸ ਨਾ ਕੀਤਾ ਹੋਵੇ।

ਨੁਕਤਾ ਨੰ: 4- ਅਕਾਦਮਿਕ ਸਾਲ 2009-10 ਤੋਂ ਸਾਰੇ ਸਕੂਲਾਂ ਵਿੱਚ ਤੀਸਰੀ ਕਲਾਸ ਤੋਂ ਹਿੰਦੀ ਨੂੰ ਲਾਜਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ।

ਨੁਕਤਾ ਨੰ: 5- ਧਾਰਾਵਾਂ 3 ਅਤੇ 4 ਵਿੱਚ ਦਰਜ ਕਿਸੇ ਗੱਲ ਦੇ ਹੁੰਦੇ ਹੋਇਆਂ ਵੀ ਕਿਸੇ ਸਕੂਲ ਵਿੱਚ ਅੰਗਰੇਜੀ ਭਾਸ਼ਾ ਦੇ ਅਧਿਆਪਨ ਤੇ ਰੋਕ ਨਹੀਂ ਹੋਵੇਗੀ।

ਇਸ ਐਕਟ ਦੇ ਨੁਕਤਾ ਨੰ: 8 ਅਨੁਸਾਰ ਇਸ ਨੂੰ ਲਾਗੂ ਨਾ ਕਰਨ ਵਾਲੇ ਸਕੂਲਾਂ ਤੇ ਜੁਰਮਾਨਾ ਲਗਾਉਣ ਜਾਂ ਅਤੇ ਸਕੂਲਾਂ ਦੀ ਮਾਨਤਾ ਰੱਦ ਕਰਨ ਦਾ ਉਪਬੰਦ ਵੀ ਹੈ (ਕਾਪੀ ਨੱਥੀ ਹੈ)। ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਉਕਤ ਐਕਟ ਨੂੰ ਲਾਗੂ ਕਰਵਾਉਣ ਹਿਤ ਸਕੂਲਾਂ ਦੀ ਚੈਕਿੰਗ ਕਰਕੇ ਇਸ ਸਬੰਧੀ ਰਿਪੋਰਟ 20-11-2015 ਤੱਕ ਮੁੱਖ ਦਫਤਰ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਕਿ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਵੱਲੋਂ ਇਨ੍ਹਾਂ ਰਿਪੋਰਟਾਂ ਦੀ ਜਾਂਚ ਕਰਵਾਉਣ ਉਪਰੰਤ ਐਕਟ ਅਨੁਸਾਰ ਕਾਰਵਾਈ ਕੀਤੀ ਜਾ ਸਕੇ।

ਡਿਪਟੀ ਡਾਇਰੈਕਟਰ (ਸੈ:ਸਿ)

ਪਿੱਠ ਅੰਕਣ ਨੰ: ਉਕਤ ਮਿਤੀ, ਐਸ.ਏ.ਐਸ ਨਗਰ:04-11-15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਿੱਖਿਆ ਮੰਤਰੀ ਜੀ, ਸਕੂਲ, ਪੰਜਾਬ।
2. ਪੀ.ਐਸ ਟੂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਪੀ.ਏ ਟੂ ਡੀ.ਜੀ.ਐਸ.ਈ।
4. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।
6. ਪੀ.ਏ ਟੂ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ।

ਡਿਪਟੀ ਡਾਇਰੈਕਟਰ (ਸੈ:ਸਿ)

19

ਪਾਰਟ - 1

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

22 ਅਕਤੂਬਰ, 2008

ਨੰ: 28-ਵਿਧਾਨਿਕ-2008-ਪੰਜਾਬ ਸਰਕਾਰ ਦੇ ਹੇਠ ਦਰਸਾਏ ਵਿਧਾਨਿਕ ਐਕਟ ਸਬੰਧੀ ਪੰਜਾਬ ਦੇ ਰਾਜਪਾਲ ਜੀ ਨੇ ਮਿਤੀ 10.8.2008 ਰਾਹੀਂ ਪ੍ਰਵਾਨਗੀ ਦਿੱਤੀ ਹੈ ਅਤੇ ਇਹ ਆਮ ਸੂਚਨਾ ਲਈ ਛਪਾਇਆ ਜਾ ਰਿਹਾ ਹੈ:-

ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008

(2008 ਦਾ ਪੰਜਾਬ ਐਕਟ ਨੰ: 25)

ਇੱਕ

ਐਕਟ

ਪਹਿਲੀ ਤੋਂ ਦਸਵੀਂ ਤੱਕ ਪੜ੍ਹ ਰਹੇ ਸਭ ਵਿਦਿਆਰਥੀਆਂ ਲਈ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਸਿੱਖਣ ਲਈ ਅਤੇ ਹੋਰ ਭਾਸ਼ਾਵਾਂ ਦੇ ਸਿੱਖਣ ਲਈ ਵੀ ਅਤੇ ਇਨ੍ਹਾਂ ਨਾਲ ਸਬੰਧ ਰੱਖਦੇ ਜਾਂ ਇਨ੍ਹਾਂ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਵਾਸਤੇ ਐਕਟ।

ਭਾਰਤ ਗਣਰਾਜ ਦੇ ਉਨਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਆਰੰਭ। 1. (1) ਇਸ ਐਕਟ ਨੂੰ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ:-

(ੳ) "ਅਕਾਦਮਿਕ ਸਾਲ" ਦਾ ਮਤਲਬ ਹੈ ਸਾਲ ਜੋ ਹਰ ਇੱਕ ਸਾਲ ਅਪ੍ਰੈਲ ਦੇ ਪਹਿਲੇ ਦਿਨ ਤੋਂ ਆਰੰਭ ਹੋਵੇ;

(ਅ) "ਬੋਰਡ ਜਾਂ ਸੰਸਥਾ" ਦਾ ਮਤਲਬ ਹੈ ਕੋਈ ਅਥਾਰਟੀ, ਜਿਸ ਨੂੰ ਕਾਨੂੰਨ ਦੁਆਰਾ ਜਾਂ ਸਰਕਾਰ ਦੇ ਕਿਸੇ ਹੁਕਮ ਦੁਆਰਾ ਮੈਟ੍ਰਿਕ ਦਾ ਸਰਟੀਫਿਕੇਟ ਦੇਣ ਦੀ ਸ਼ਕਤੀ ਪ੍ਰਾਪਤ ਹੈ;

(ੲ) "ਸ਼ਕਤੀਵਾਨ ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 6 ਅਧੀਨ ਨਿਯੁਕਤ ਅਥਾਰਟੀ;

(ਸ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਨਿਯਮਾਂ ਦੁਆਰਾ ਮੁਕੱਰਰ;

(ਹ) "ਸਕੂਲ" ਵਿੱਚ, ਕੋਈ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ, ਜੋ ਰਾਜ ਸਰਕਾਰ ਜਾਂ ਲੋਕਲ ਬਾਡੀ ਜਾਂ ਪੰਚਾਇਤ, ਸੁਸਾਇਟੀ ਜਾਂ ਟਰੱਸਟ ਦੁਆਰਾ ਸਥਾਪਤ ਕੀਤਾ ਜਾਂ ਚਲਾਇਆ ਜਾਂਦਾ ਹੈ ਜਾਂ ਅਜਿਹੇ ਹੋਰ ਸਕੂਲ, ਜੋ ਸਮੇਂ ਸਮੇਂ ਤੇ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ, ਸ਼ਾਮਲ ਹਨ;

(ਕ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਖ) "ਸੁਸਾਇਟੀ" ਦਾ ਮਤਲਬ ਹੈ ਸੁਸਾਇਟੀ ਰਜਿਸਟਰੀਕਰਣ ਐਕਟ 1860 (1860 ਦਾ ਕੇਂਦਰੀ ਐਕਟ ਨੰ: 21) ਅਧੀਨ ਰਜਿਸਟਰਸ਼ੁਦਾ ਸੁਸਾਇਟੀ;

(ਗ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ; ਅਤੇ

ਦੀ ਵਸੂਲੀ ਭੌਂ ਮਾਲੀਏ ਕਾਏ ਵਾਂਗ ਕਰਨਾ।

9. ਇਸ ਐਕਟ ਅਧੀਨ ਅਰੋਪਿਆ ਡੰਨ ਭੌਂ ਮਾਲੀਏ ਦੇ ਬਕਾਏ ਵਾਂਗ ਵਸੂਲੀਯੋਗ ਹੋਵੇਗਾ।

ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ।

10. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਨਿਯਮਾਂ ਦੀ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੇ ਜਾਣ ਵਾਲੀ ਚਿਤਵਤ ਕਿਸੇ ਗੱਲ ਬਾਰੇ ਰਾਜ ਸਰਕਾਰ, ਸਮਰੱਥ ਅਥਾਰਟੀ ਜਾਂ ਕੋਈ ਅਫਸਰ ਜਾਂ ਰਾਜ ਸਰਕਾਰ ਦੇ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

-ਪ੍ਰਭਾਵੀ ਹੋਣਾ।

11. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧ, ਪੰਜਾਬ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਅਸੰਗਤ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਮ ਬਣਾਉਣ ਦੀ ਤੀ।

12. (1) ਰਾਜ ਸਰਕਾਰ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰ ਇੱਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦੋਂ ਉਹ ਇਜਲਾਸ ਵਿੱਚ ਹੈ, ਦਸ ਦਿਨਾਂ ਦੀ ਕੁੱਲ ਮੁੱਦਤ ਲਈ ਰੱਖਿਆ ਜਾਵੇਗਾ ਜੋ ਇਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਅਜਿਹੇ ਇਜਲਾਸ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪ-ਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਾ ਬਣਾਇਆ ਜਾਵੇ, ਤਾਂ ਉਹ ਨਿਯਮ, ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪ-ਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ ਐਪਰ, ਅਜਿਹੇ ਕਿਸੇ ਰੂਪ-ਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਹੋਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਾਈਆਂ ਦੂਰ ਕਰਨ ਕਤੀ।

13. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਿਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਸ ਕਠਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਧਾਰਾ ਅਧੀਨ ਅਜਿਹਾ ਕੋਈ ਹੁਕਮ ਇਸ ਐਕਟ ਦੇ ਆਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ੀਤਾ ਜਾਵੇਗਾ।

ਰੇਖਾ ਮਿੱਤਲ
ਸਕੱਤਰ, ਪੰਜਾਬ ਸਰਕਾਰ
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

PGP. MOHALI / 6821 / 10-2009 (3)

(ਘ) "ਟ੍ਰੱਸਟ" ਵਿੱਚ ਭਾਰਤੀ ਟ੍ਰੱਸਟ ਐਕਟ, 1882 (1882 ਦਾ ਕੇਂਦਰੀ ਐਕਟ ਨੰ: 2) ਅਧੀਨ ਰਜਿਸਟਰਸ਼ੁਦਾ ਕੋਈ ਟ੍ਰੱਸਟ ਸ਼ਾਮਲ ਹੈ।

**ਪੰਜਾਬੀ ਦਾ ਲਾਜ਼ਮੀ ਵਿਸ਼ੇ ਵਜੋਂ ਅਧਿਆਪਨ।**

3. (1) ਅਕਾਦਮਿਕ ਸਾਲ 2009-10 ਤੋਂ ਸਾਰੇ ਸਕੂਲਾਂ ਵਿੱਚ ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਇਆ ਜਾਵੇਗਾ।

(2) ਕੋਈ ਬੋਰਡ ਜਾਂ ਸੰਸਥਾ ਕਿਸੇ ਵਿਦਿਆਰਥੀ ਨੂੰ ਉਦੋਂ ਤੱਕ ਮੈਟ੍ਰਿਕ ਦਾ ਸਰਟੀਫਿਕੇਟ ਨਹੀਂ ਦੇਵੇਗੀ ਜਦ ਤੱਕ ਉਸ ਨੇ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚ ਪੰਜਾਬੀ ਵਿਸ਼ਾ ਪਾਸ ਨਾ ਕੀਤਾ ਹੋਵੇ।

**ਹਿੰਦੀ ਦਾ ਲਾਜ਼ਮੀ ਵਿਸ਼ੇ ਵਿਸ਼ੇ ਵਜੋਂ ਅਧਿਆਪਨ।**

4. ਅਕਾਦਮਿਕ ਸਾਲ 2009-10 ਤੋਂ ਸਾਰੇ ਸਕੂਲਾਂ ਵਿੱਚ ਤੀਸਰੀ ਕਲਾਸ ਤੋਂ ਅਠਵੀਂ ਕਲਾਸ ਤੱਕ ਹਿੰਦੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ।

**ਅੰਗ੍ਰੇਜ਼ੀ ਦਾ ਅਧਿਆਪਨ।**

5. ਧਾਰਾਵਾਂ 3 ਅਤੇ 4 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਸਕੂਲ ਵਿੱਚ ਅੰਗ੍ਰੇਜ਼ੀ ਦੇ ਅਧਿਆਪਨ ਤੇ ਰੋਕ ਨਹੀਂ ਹੋਵੇਗੀ।

**ਸਮਰੱਥ ਅਥਾਰਟੀ।**

6. (1) ਰਾਜ ਸਰਕਾਰ, ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ ਸਕੂਲ ਸਿਖਿਆ ਵਿਭਾਗ ਦੇ ਕਿਸੇ ਅਫ਼ਸਰ ਨੂੰ, ਜੋ ਜ਼ਿਲ੍ਹਾ ਸਿਖਿਆ ਅਫ਼ਸਰ ਦੇ ਰੈਂਕ ਤੋਂ ਘੱਟ ਦਾ ਨਾ ਹੋਵੇ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਸਮਰੱਥ ਅਥਾਰਟੀ ਵਜੋਂ, ਨਿਯੁਕਤ ਕਰ ਸਕੇਗੀ।

(2) ਸਮਰੱਥ ਅਥਾਰਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਕਾਰਜ ਕਰੇਗੀ ਜੋ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਮੁਕੱਰਰ ਕੀਤੇ ਜਾਣ।

**ਛੋਟ ਦੇਣ ਦੀ ਸ਼ਕਤੀ।**

7. ਰਾਜ ਸਰਕਾਰ, ਵਿਦਿਆਰਥੀਆਂ ਦੀ ਕਿਸੇ ਸ਼੍ਰੇਣੀ ਜਾਂ ਵਰਗ ਨੂੰ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਉਹ ਉਚਿਤ ਸਮਝੇ, ਆਮ ਜਾਂ ਵਿਸ਼ੇਸ਼ ਹੁਕਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕਰਕੇ ਇਸ ਐਕਟ ਦੇ ਸਾਰੇ ਜਾਂ ਕਿਸੇ ਉਪਬੰਧ ਤੋਂ ਛੋਟ ਦੇ ਸਕੇਗੀ।

**ਡੰਨ।**

8. (1) ਕੋਈ ਸਕੂਲ, ਜੋ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਉਪਬੰਧਾਂ ਦੀ ਪਹਿਲੀ ਵਾਰ ਇਕ ਮਹੀਨੇ ਲਈ ਉਲੰਘਣਾ ਕਰਦਾ ਹੈ, ਪੱਚੀ ਹਜ਼ਾਰ ਰੁਪਏ ਦੇ ਡੰਨ ਦਾ ਭਾਗੀ ਹੋਵੇਗਾ;

ਪਰੰਤੂ ਇਹ ਕਿ ਜੇ ਅਜਿਹਾ ਸਕੂਲ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਦੂਜੀ ਵਾਰ ਇਕ ਮਹੀਨੇ ਲਈ ਉਲੰਘਣਾ ਕਰਦਾ ਹੈ ਤਾਂ ਫਿਰ ਉਹ ਪੰਜਾਹ ਹਜ਼ਾਰ ਰੁਪਏ ਦੇ ਡੰਨ ਦਾ ਭਾਗੀ ਹੋਵੇਗਾ;

ਪਰੰਤੂ ਇਹ ਹੋਰ, ਕਿ ਜੇ ਅਜਿਹਾ ਸਕੂਲ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਤੀਜੀ ਵਾਰ ਇੱਕ ਮਹੀਨੇ ਲਈ ਅਤੇ ਉਸ ਤੋਂ ਪਿੱਛੋਂ ਉਲੰਘਣਾ ਕਰਦਾ ਹੈ ਤਾਂ ਫਿਰ ਉਹ ਇੱਕ ਲੱਖ ਦੇ ਡੰਨ ਦਾ ਭਾਗੀ ਹੋਵੇਗਾ।

(2) ਜੇ ਕੋਈ ਸਕੂਲ ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਇਸ ਸਾਲ ਦੀ ਮੁੱਦਤ ਤੋਂ ਬਾਅਦ ਉਲੰਘਣਾ ਜਾਰੀ ਰੱਖਦਾ ਹੈ? ਤਾਂ ਰਾਜ ਸਰਕਾਰ ਬੋਰਡ ਜਾਂ ਸੰਸਥਾ ਨੂੰ, ਜਿਹੀ ਕਿ ਸੂਰਤ ਹੋਵੇ, ਜਿਸ ਨਾਲ ਅਜਿਹਾ ਸਕੂਲ ਸੰਬੰਧ ਹੋਵੇ, ਅਸੰਬੰਧ ਕਰਨ ਦਾ ਨਿਦੇਸ਼ ਦੇ ਸਕੇਗੀ।"

(3) ਉਪ-ਧਾਰਾ (1) ਅਧੀਨ ਯਥਾ ਉਪਬੰਧਤ, ਕੋਈ ਡੰਨ ਉਦੋਂ ਤੱਕ ਨਹੀਂ ਅਰੋਪਿਆ ਜਾਵੇਗਾ ਜਦੋਂ ਤੱਕ ਸਬੰਧੱਤ ਸਕੂਲ ਨੂੰ ਸੁਣਵਾਈ ਦਾ ਮੌਕਾ ਨਾ ਦਿੱਤਾ ਗਿਆ ਹੋਵੇ।